# ਰਾਜਿਆ ਰਾਜ ਕਰੇਂਦਿਆ

## ਪਹਿਲਾ ਦ੍ਰਿਸ਼

*(ਰਾਤ ਦਾ ਤੀਜਾ ਪਹਿਰ ਹਨੇਰੇ ਜੰਗਲ ਵਿਚ ਤੋਤਾ ਮੈਨਾ ਇਕ ਟਾਹਣੀ 'ਤੇ ਬੈਠੇ ਹਨ। ਤੋਤੇ ਨੂੰ ਨੀਂਦ ਨਹੀਂ ਆ ਰਹੀ। ਉਸਲਵਟੇ ਲੈ ਰਿਹਾ ਹੈ। ਮੈਨਾ ਉਸ ਨੂੰ ਵੇਖ ਕੇ ਪਰੇਸ਼ਾਨ ਏ।)*



ਮੈਨਾ : ਵੇ ਤੋਤਿਆ, ਮਨ ਮੋਤਿਆ
ਵੇ ਤੋਤਿਆ, ਮਨ ਮੋਤਿਆ
ਤੋਤਾ : ਦੱਸ ਨੀ ਮੈਨਾ, ਤੂੰ ਕੀ ਲੈਣਾ।
ਮੈਨਾ : ਵੇ ਤੋਤਿਆ, ਕੋਈ ਗੀਤ ਸੁਣਾ।
ਤੋਤਾ : ਲੈ ਹੁਣ ਤਾਂ ਅੱਧੀ ਰਾਤ ਗਈ
ਰਾਤ ਗਈ ਤਾਂ ਬਾਤ ਗਈ।
ਮੈਨਾ : ਅੱਧੀ ਰਾਤ ਤਾਈਂ ਮੈਨੂੰ ਨੀਂਦ ਨਾ ਆਵੇ
ਵਿਚ ਫਸਿਆ ਤੂੰ ਕਿਹੜੀਆਂ ਸੋਚਾਂ
ਕਿਹੜਾ ਦੁੱਖ ਤੈਨੂੰ ਵੱਢ ਵੱਢ ਖਾਵੇ
ਮੈਂ ਜਾਨਣਾ ਲੋਚਾਂ
ਤੋਤਾ : ਲੋਕਾਂ ਵਿਚ ਕਿਉਂ ਹਾਕਾਕਾਰ ਮੱਚੀ ਏ
ਮੇਰੀ ਸੋਚ ਤਾਂ ਏਥੇ ਫਸੀ ਏ।
ਮੈਨਾ : ਵੇ ਜੇ ਕੋਈ ਹੈ ਲੋਕਾਂ ਨੂੰ ਦੁੱਖ
ਜੇ ਤੰਗ ਕਰਦੀ ਸਭ ਨੂੰ ਭੁੱਖ
ਤਾਂ ਲੋਕੀਂ ਰਾਜੇ ਕੋਲ ਜਾਵਣ
ਜਾ ਕੇ ਆਪਣਾ ਦੁਖ ਸੁਨਾਵਣ।
ਤੋਤਾ : ਰਾਜੇ ਕੋਲ ਤਾਂ ਵਿਹਲ ਨਹੀਂ ਹੈ।
ਪਰਜਾ ਵੀ ਕਰਦੀ ਪਹਿਲ ਨਹੀਂ ਹੈ।
ਮੈਨਾ : ਪਰ ਕਿਸੇ ਨੂੰ ਤਾਂ ਅੱਗੇ ਆਉਣਾ ਪਊ
ਚਾਰੇ ਪਾਸੇ ਚੁੱਪ ਹੈ ਜੇ ਫਿਰ
ਕਿਸੇ ਨੂੰ ਤਾਂ ਬਿਗਲ ਵਜਾਉਣਾ ਪਊ।

**ਔਖੇ ਸ਼ਬਦਾਂ ਦੇ ਅਰਥ**

ਉਸਲਵਟੇ : ਕਰਵਟਾਂ ਬਦਲਣੀਆਂ, ਪਾਸੇ ਮਾਰਨ
ਲੋਚਾਂ : ਚਾਹਾਂ

**ਔਖੇ ਸ਼ਬਦਾਂ ਦੇ ਅਰਥ**

ਪ੍ਰਭਾਤਾਂ :ਸਵੇਰ
ਸਾਰ :ਪੁੱਛਗਿਛ, ਖਬਰ
ਹੀਲਾ :ਕੋਸ਼ਿਸ਼, ਉਪਾਅ
ਵਸੀਲਾ :ਉਦਮ

ਤੋਤਾ : ਜੇ ਤੂੰ ਮੇਰਾ ਸਾਥ ਦੇਵੇਂ
ਤਾਂ ਆਪਾਂ ਦੋਵੇਂ ਬਿਗਲ ਵਜਾਈਏ।
ਰਾਤ ਹਨੇਰੀ ਮੁਕਣ ਵਾਲੀ
ਪ੍ਰਭਾਤਾਂ ਦਾ ਕੋਈ ਗੀਤ ਹੀ ਗਾਈਏ

ਮੈਨਾ : ਮੈਂ ਤੇਰੇ ਨਾਲ ਰਹਾਂਗੀ ਹਰਦਮ
ਖੁਸ਼ੀਆਂ ਦੀ ਅਸੀਂ ਬਾਤ ਕਰਾਂਗੇ
ਤਾਂ ਜੋ ਮਿਟ ਜਾਵਣ ਸਭ ਗ਼ਮ

*(ਮੈਨਾ ਆਪਣਾ ਹੱਥ ਅੱਗੇ ਕਰਦੀ ਹੈ ਤੋਤਾ ਉਸ ਦਾ ਹੱਥ ਫੜਦਾ ਹੈ ਤੇ ਦੋਵੇਂ ਉਡਦੇ ਨੇ। ਉਡਦੇ ਉਡਦੇ ਦੋਵੇਂ ਰਾਜ ਮਹਿਲ ਦੇ ਬਨੇਰੇ 'ਤੇ ਜਾ ਬੈਠਦੇ ਨੇ।)*

## ਦੂਜਾ ਦ੍ਰਿਸ਼

*(ਰਾਜ ਮਹਿਲ ਦਾ ਦ੍ਰਿਸ਼, ਕੁਝ ਪਹਿਰੇਦਾਰ ਪਹਿਰਾ ਦੇ ਰਹੇ ਨੇ। ਰਾਜਾ ਸੁੱਤਾ ਪਿਆ ਹੈ। ਤੋਤਾ ਮੈਨਾ ਦੋਵੇਂ ਗੀਤ ਬੋਲਦੇ ਨੇ।)*

ਗੀਤ : ਰਾਜਿਆ ਰਾਜ ਕਰੇਂਦਿਆ
ਤੇਰੇ ਰਾਜ 'ਚ ਹਾਹਾਕਾਰ ਵੇ
ਉਠ ਕੇ ਬਾਹਰ ਆ ਜ਼ਰਾ
ਤੇ ਲੈ ਲੋਕਾਂ ਦੀ ਸਾਰ ਵੇ

ਰਾਜਿਆ ਰਾਜ ਕਰੇਂਦਿਆ
ਤੇਰੇ ਰਾਜ 'ਚ ਭੈੜੇ ਚੱਜ ਵੇ
ਕਰ ਕੋਈ ਹੀਲਾ, ਕੋਈ ਵਸੀਲਾ
ਦੁੱਖ ਜਾਵਣ ਸਾਰੇ ਭੱਜ ਵੇ

ਰਾਜਿਆ ਰਾਜ ਕਰੇਂਦਿਆ
ਤੇਰੇ ਭੈੜੇ ਭੈੜੇ ਯਾਰ ਵੇ
ਜੇ ਲੋਕਾਂ ਵਿਚ ਹੈ ਬੇਚੈਨੀ
ਤੇਰੀ ਕਿਸ ਕੰਮ ਦੀ ਸਰਕਾਰ ਵੇ

ਰਾਜਿਆ ਰਾਜ ਕਰੇਂਦਿਆ
ਤੇਰੇ ਰਾਜ ਦੇ ਵਿਚ ਵਿਚ ਮੋਰੀਆਂ
ਹਨੇਰੇ ਦੀ ਤਾਂ ਲੋੜ ਨਹੀਂ
ਏਥੇ ਸਿਖਰ ਦੁਪਹਿਰੇ ਚੋਰੀਆਂ

ਰਾਜਿਆ ਰਾਜ ਕਰੇਂਦਿਆ
ਤੇਰੇ ਰਾਜ ਦੇ ਵਿਚ ਵਿਚ ਚੋਰ ਵੇ
ਕੁਝ ਤਾਂ ਬਗਲੇ ਜਾਪਦੇ
ਕੁਝ ਜਾਪਣ ਜੀਕੂੰ ਮੋਰ ਵੇ

ਰਾਜਿਆ ਰਾਜ ਕਰੇਂਦਿਆ
ਤੂੰ ਕਰ ਲੋਕਾਂ ਨਾਲ ਪਿਆਰ ਵੇ
ਜਾ ਲੋਕਾਂ ਦੇ ਦੁਖ ਸੁਣ ਲੈ
ਤੇ ਬਣ ਪਰਜਾ ਦਾ ਯਾਰ ਵੇ।

*(ਗੀਤ ਖ਼ਤਮ ਹੁੰਦਾ ਹੈ। ਰਾਜਾ ਆਪਣੇ ਵਜ਼ੀਰ ਨਾਲ ਬਾਹਰ ਆਉਂਦਾ ਹੈ।)*

ਰਾਜਾ : ਇਹ ਕੌਣ ਗਾ ਰਿਹਾ ਸੀ ?

ਵਜ਼ੀਰ : ਹਜ਼ੂਰ ਇਹ ਤਾਂ ਤੋਤਾ ਮੈਨਾ ਸਾਡੇ ਮਹਿਲ ਦੇ ਬਾਹਰ ਗਾ ਰਹੇ ਸੀ।

ਰਾਜਾ : ਮੈਨੂੰ ਤਾਂ ਇੰਜ ਲਗਿਆ ਜਿਵੇਂ ਸਾਰਾ ਸ਼ਹਿਰ ਗਾ ਰਿਹਾ ਹੋਵੇ।

ਵਜ਼ੀਰ : ਹਜ਼ੂਰ, ਉਹ ਗਾ ਤਾਂ ਦੋਵੇਂ ਹੀ ਰਹੇ ਸੀ, ਪਰ ਗੱਲ ਸਾਰੇ ਸ਼ਹਿਰ ਦੀ ਕਰ ਰਹੇ ਸੀ।

ਰਾਜਾ : ਏਸ ਗੀਤ ਨੇ ਸਾਨੂੰ ਪਰੇਸ਼ਾਨ ਕਰ ਦਿੱਤਾ ਏ।

ਵਜ਼ੀਰ : ਹਜ਼ੂਰ, ਅਜਿਹੀ ਕਿਹੜੀ ਗੱਲ ਹੋ ਗਈ।

ਰਾਜਾ : ਏਸ ਤੋਤਾ ਮੈਨਾ ਨੇ, ਮੇਰੀਆਂ ਅੱਖਾਂ ਖੋਹਲ ਦਿੱਤੀਆਂ ਨੇ।

ਵਜ਼ੀਰ : ਉਹ ਕਿਵੇਂ ਹਜ਼ੂਰ ?

ਰਾਜਾ : ਮੈਨੂੰ ਅੱਜ ਇਵੇਂ ਲੱਗ ਰਿਹੈ। ਜਿਵੇਂ ਮੈਂ ਸਦੀਆਂ ਦਾ ਸੁੱਤਾ ਹੋਵਾਂ ਤੇ ਮੇਰੇ ਰਾਜ ਦੇ ਵਿਚ ਲੋਕ ਚੀਖ ਰਹੇ ਹੋਣ, ਚਿਲਾ ਰਹੇ ਹੋਣ ਤੇ ਮੈਨੂੰ ਕੁਝ ਖ਼ਬਰ ਹੀ ਨਹੀਂ।



ਵਜ਼ੀਰ : ਹਜ਼ੂਰ ਲਗਦਾ ਏ ਤੁਹਾਡੀ ਤਬੀਅਤ ਠੀਕ ਨਹੀਂ। ਤੁਸੀਂ ਆਰਾਮ ਕਰੋ ਹਜ਼ੂਰ।

ਰਾਜਾ : ਨਹੀਂ, ਅਸੀਂ ਬਹੁਤ ਆਰਾਮ ਕਰ ਲਿਆ। ਹੁਣ ਅਸੀਂ ਆਪ ਲੋਕਾਂ ਵਿਚ ਜਾ ਕੇ ਉਹਨਾਂ ਦੇ ਦੁੱਖ-ਸੁੱਖ ਸੁਣਾਂਗੇ।

**ਔਖੇ ਸ਼ਬਦਾਂ ਦੇ ਅਰਥ**

ਜੀਕੂੰ : ਜਿਵੇਂ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਭੇਸ | :ਪਹਿਰਾਵਾ, ਬਾਣਾ, ਪਛਾਣ |
| ਬੰਨੇ | :ਪਾਸੇ, ਇਕ ਦਿਸ਼ਾ ਵਿਚ |
| ਜੋਵਾਂ | :ਜੋਤ ਲੈਣ ਤੋਂ ਭਾਵ |
| ਪਰੈਣੀ | :ਇਕ ਸੋਟੀ ਜਾਂ ਡੰਡਾ, ਜਿਸ ਦੇ ਇਕ ਸਿਰੇ ਵਿਚ ਕਿੱਲ ਲੱਗੀ ਹੁੰਦੀ ਹੈ |

ਵਜ਼ੀਰ : ਪਰ ਹਜ਼ੂਰ ਜੇ ਲੋਕਾਂ ਨੇ ਤੁਹਾਨੂੰ ਪਹਿਚਾਣ ਲਿਆ ਤਾਂ ਲੋਕਾਂ ਨੇ ਡਰਦੇ ਮਾਰੇ ਤੁਹਾਨੂੰ ਆਪਣੇ ਦੁੱਖ ਹੀ ਨਹੀਂ ਦਸਣੇ।

ਰਾਜਾ : ਏਸੇ ਲਈ ਅਸੀਂ ਭੇਸ ਵਟਾ ਕੇ ਲੋਕਾਂ ਵਿਚ ਜਾਵਾਂਗੇ ਤੇ ਮੇਰੇ ਨਾਲ ਤੁਸੀਂ ਵੀ ਚਲੋਗੇ।

ਵਜ਼ੀਰ : ਜੀ ਹਜ਼ੂਰ। *(ਦੋਵੇਂ ਭੇਸ ਵਟਾ ਕੇ ਤੁਰ ਪੈਂਦੇ ਨੇ।)*

ਤੋਤਾ ਮੈਨਾ : ਰਾਜਾ ਤੇ ਵਜ਼ੀਰ ਦੋਵੇਂ ਤੁਰ ਪਏ
ਦੋਵੇਂ ਭੇਸ ਵਟਾ ਕੇ
ਸੁਣਨਾ ਹੈ ਦੁੱਖ ਪਰਜਾ ਦਾ ਲੋਕੋ
ਸੁਣਨਾ ਹੈ ਭੇਸ ਵਟਾ ਕੇ
ਤੁਰਦੇ ਤੁਰਦੇ ਪਹੁੰਚੇ ਖੇਤਾਂ ਦੇ ਬੰਨੇ
ਕਿਸਾਨ ਪਿਆ ਸੀ ਹੱਲ ਚਲਾਵੇ
ਹੱਲ ਚਲਾਵੇ ਨਾਲੇ ਗਾਲ੍ਹਾਂ ਕੱਢਦਾ
ਸੁਣ ਕੇ ਰਾਜਾ ਘਬਰਾਵੇ।

*(ਇਕ ਪਾਸੇ ਕਿਸਾਨ ਖੇਤ 'ਚ ਬਲਦ ਲਈ ਖੜਾ ਹੈ। ਨਾਲੇ ਉਪਰ ਵੱਲ ਵੇਖਦਾ ਹੈ ਤੇ ਗਾਲ੍ਹਾਂ ਕੱਢਦਾ ਏ। ਰਾਜਾ ਤੇ ਵਜ਼ੀਰ ਇਕ ਪਾਸੇ ਖੜੇ ਸੁਣਦੇ ਨੇ।)*

ਕਿਸਾਨ : ਮਰ ਜਾਏ ਓ ਰਾਜਾ ਏਸ ਦੇਸ ਦਾ, ਇਹਦਾ ਬੇੜਾ ਬਹਿ ਜਾਏ, ਕੱਖ ਨਾ ਰਹੇ ਏਸ ਕੰਜਰ ਦਾ। ਜੇ ਕਿਤੇ ਮੈਨੂੰ ਟੱਕਰ ਜਾਏ ਤਾਂ ਰਾਜਾ ਤੇ ਉਸ ਦੇ ਵਜ਼ੀਰ, ਮਾਰ ਮਾਰ ਪਰਾਣੀਆਂ ਇਹਨਾਂ ਬਲਦਾਂ ਦੀ ਥਾਂ ਉਹਨਾਂ ਨੂੰ ਜੋਵਾਂ ਤੇ ਸਾਰੀ ਦਿਹਾੜੀ ਉਹਨਾ ਕੋਲੋਂ ਕੰਮ ਕਰਵਾਵਾਂ।

ਰਾਜਾ : *(ਅੱਗੇ ਆ ਕੇ)* ਬਈ ਕੀ ਗੱਲ ਹੋ ਗਈ। ਰਾਜੇ ਨੇ ਤੇਰਾ ਕੀ ਵਿਗਾੜ 'ਤਾ, ਜੋ ਉਹਨੂੰ ਗਾਲ੍ਹਾਂ ਕੱਢੀ ਜਾਨਾ ਏਂ ?

ਕਿਸਾਨ : ਤੂੰ ਰਾਜੇ ਦਾ ਮਾਮਾ ਲਗਦਾ ਏਂ, ਜਿਹੜਾ ਤੈਨੂੰ ਏਨਾ ਦੁੱਖ ਹੋਇਆ ਏ। *(ਰਾਜਾ ਡਰਦਾ ਪਿੱਛੇ ਹੋ ਜਾਂਦਾ ਏ।)*

ਵਜ਼ੀਰ : ਨਹੀਂ, ਨਹੀਂ ਇਹਨਾਂ ਦਾ ਮਤਲਬ ਸੀ ਕਿ ਤੁਸੀਂ ਸਾਨੂੰ ਆਪਣਾ ਦੁੱਖ ਦਸੋ ਸ਼ਾਇਦ ਅਸੀਂ ਤੁਹਾਡੀ ਕੋਈ ਮਦਦ ਕਰ ਸਕੀਏ।

ਕਿਸਾਨ : ਉਏ ਤੁਸੀਂ ਕੀ ਮਦਦ ਕਰੋਗੇ, ਤੁਸੀਂ ਤੇ ਆਪ ਭੁੱਖੇ ਨੰਗੇ ਦੀਂਹਦੇ ਓ।

ਰਾਜਾ : ਪਰ ਫੇਰ ਵੀ ਦੱਸ ਤਾਂ ਸਹੀ, ਤੇਰਾ ਰਾਜੇ ਨਾਲ ਕੀ ਦੁੱਖ ਏ ?

ਕਿਸਾਨ : ਲਗਦਾ ਏ ਤੂੰ ਜ਼ਰੂਰ ਰਾਜੇ ਦੇ ਸਹੁਰਿਆਂ 'ਚੋਂ ਏਂ, ਜਿਹੜੀ ਤੈਨੂੰ ਏਨੀ ਪੀੜ ਹੋਈ ਆ। *(ਹੱਥ ਵਾਲੀ ਸੋਟੀ ਵਿਖਾ ਕੇ)* ਆਹ ਵੇਖ ਲਾ ਪਰੈਣੀ, ਜਦੋਂ ਵੱਜੀ ਨਾ ਤੇਰੇ ਪਿਛਲੇ ਪਾਸੇ ਤਾਂ ਨਾਨੀ ਚੇਤੇ ਆ ਜਾਣੀ ਆ ਤੈਨੂੰ ਤੇ ਨਾਲੇ ਤੇਰੇ ਰਾਜੇ ਤੇ ਉਸ ਦੇ ਵਜ਼ੀਰਾਂ ਨੂੰ। ਜਾਉ ਦੌੜ ਜਾਓ ਏਥੋਂ।

ਵਜ਼ੀਰ : ਭਰਾਵਾ ! ਅਸੀਂ ਵੀ ਤੇਰੇ ਵਰਗੇ ਈ ਆਂ। ਤੂੰ ਸਾਡੇ ਕੁਝ ਤੇ ਪੱਲੇ ਪਾ।

ਰਾਜਾ : ਕਿਉਂ ਗਾਲ੍ਹਾਂ ਕੱਢ ਕੇ ਆਪਣੀ ਜ਼ੁਬਾਨ ਗੰਦੀ ਕਰਦਾ ਏਂ। ਆ ਜਾ ... ਏਥੇ ਖੇਤ ਦੀ ਵੱਟ 'ਤੇ ਬਹਿ ਕੇ ਸਾਡੇ ਨਾਲ ਆਪਣਾ ਦੁੱਖ ਸਾਂਝਾ ਕਰ।

ਕਿਸਾਨ : ਵੇਖੋ ਭਰਾਵੋ ! ਜੇ ਸਾਡਾ ਰਾਜਾ ਚੰਗਾ ਹੋਵੇ, ਚੰਗੇ ਰਾਜਿਆਂ ਵਾਂਗੂੰ ਰਾਜ ਕਰੇ ਤਾਂ ਸਭ ਠੀਕ ਠਾਕ ਹੋਵੇ। ਸਾਡੇ ਪਿੰਡ 'ਚ ਜਾਂ ਕਿਸੇ ਸ਼ਹਿਰ ਕਸਬੇ 'ਚ ਚੋਰ ਉਚੱਕੇ ਨਜ਼ਰ ਨਾ ਆਉਣ। ਘਰ 'ਚ ਸ਼ਾਂਤੀ ਹੋਵੇ ਤੇ ਬਾਹਰ ਵੀ ਸ਼ਾਂਤ ਹੋਵੇ। ਇਥੇ ਤਾਂ ਭਰਾਵਾ ਹਰ ਵੇਲੇ ਹਾਲ ਪਾਹਰਿਆ ਹੋਈ ਰਹਿੰਦੀ ਆ। ਮੇਰੀ ਧੀ ਮੁਟਿਆਰ, ਪਰ ਮੇਰੀ ਜ਼ਨਾਨੀ ਬਿਮਾਰ। ਦੋਵਾਂ 'ਚ ਕੋਈ ਵੀ ਭੱਤਾ ਲੈ ਕੇ ਆ ਨਹੀਂ ਸਕਦੀ। ਹੁਣ ਮੈਂ ਏਥੇ ਬੇਹੀਆਂ ਰੋਟੀਆਂ ਅਚਾਰ ਗੰਢੇ ਨਾਲ ਖਾ ਕੇ ਗੁਜ਼ਾਰਾ ਕਰਨ ਡਿਆਂ।

ਰਾਜਾ : ਪਰ ਇਸ 'ਚ ਰਾਜੇ ਦਾ ਕੀ ਕਸੂਰ ?

ਕਿਸਾਨ : *(ਗੁੱਸੇ ਨਾਲ)* ਕਸੂਰ ? ਸਾਰਾ ਕਸੂਰ ਈ ਰਾਜੇ ਦਾ ਆ। ਜਦੋਂ ਜਵਾਨ ਕੁੜੀਆਂ ਰੋਟੀਆਂ ਲੈ ਕੇ ਆਉਂਦੀਆਂ ਤਾਂ ਰਾਹ 'ਚ ਮੁਸ਼ਟੰਡੇ ਖੜੇ ਹੁੰਦੇ ਆ, ਜਿਹੜੇ ਆਉਂਦੀਆਂ ਜਾਂਦੀਆਂ ਸਾਡੀਆਂ ਧੀਆਂ ਭੈਣਾਂ ਨੂੰ ਛੇੜਦੇ ਆ। ਕਈ ਲੁਚੇ ਤਾਂ ਜ਼ਨਾਨੀਆਂ ਦੀਆਂ ਵਾਲੀਆਂ ਲਾਹ ਲੈਂਦੇ ਨੇ, ਚੈਨੀਆਂ ਲਾਹ ਲੈਂਦੇ ਨੇ। ਧੀਆਂ ਭੈਣਾਂ ਦਾ ਘਰਾਂ 'ਚੋਂ ਨਿਕਲਣਾ ਮੁਸ਼ਕਲ ਹੋਇਆ ਪਿਆ। ਮੇਰੀ ਤੀਵੀਂ ਬਿਮਾਰ ਆ। ਕਿਸੇ ਵੀ ਸਰਕਾਰੀ ਦਵਾਖਾਨੇ 'ਚ ਕੋਈ ਚੱਜ ਨਾਲ ਦਵਾ-ਦਾਰੂ ਨਹੀਂ ਕਰਦਾ। ਮੈਂ ਤੇ ਸੁਣਿਆ ਸਰਕਾਰੀ ਵੈਦ ਹਕੀਮ ਬੰਦਿਆਂ ਦੇ ਅੰਦਰੋਂ ਚੀਰ-ਫਾੜ ਕਰਕੇ ਕਈ ਕੁਝ ਕੱਢ ਕੇ ਵੇਚ ਦਿੰਦੇ ਆ। ਏਸੇ ਡਰੋਂ ਅਸੀਂ ਸਰਕਾਰੀ ਦਵਾਖਾਨੇ ਨਹੀਂ ਵੜਦੇ। ਮੈਂ ਹੁਣ ਘਰ ਵੇਖਾਂ ਕਿ ਖੇਤ ? ਜੇ ਖੇਤਾਂ 'ਚ ਕੰਮ ਨਾ ਕਰਾਂ ਤਾਂ ਫਸਲ ਨਹੀਂ ਹੋਣੀ। ਜੇ ਫਸਲ ਨਾ ਹੋਈ ਤਾਂ ਅਹਿਲਕਾਰਾਂ ਨੂੰ ਮਾਲੀਆ ਕਿਥੋਂ ਦਊਂਗਾ। ਉਏ ਸਾਡੇ ਪਿੰਡ ਦੇ ਕਈ ਕਿਸਾਨ ਤਾਂ ਮਾਲੀਆ ਦੇਣ ਦੇ ਡਰੋਂ ਨਹਿਰ 'ਚ ਡੁੱਬ ਕੇ ਮਰ ਗਏ। ਉਏ ਮੈਂ ਫੇਰ ਕਹਿਨਾਂ ਮਰ ਜਾਏ ਇਹੋ ਜਿਹਾ ਰਾਜਾ ਜੀਹਦੇ ਰਾਜ 'ਚ ਕਿਸਾਨ ਖ਼ੁਦਕੁਸ਼ੀਆਂ ਕਰ ਕਰਕੇ ਮਰਨ ਡਹੇ ਨੇ। ਏਹੋ ਜਿਹੇ ਰਾਜੇ ਦੇ ਕੀੜੇ ਪੈਣ, ਜੀਹਦੇ ਰਾਜ 'ਚ ਸਰਕਾਰੀ ਦਵਾਖਾਨੇ, ਸ਼ਮਸ਼ਾਨ-ਘਾਟ ਬਣ ਗਏ। (ਉਹਨਾਂ ਦੋਵਾਂ ਵੱਲ ਵੇਖ ਕੇ) ਹੁਣ ਤੁਸੀਂ ਵੀ ਮੇਰੇ ਨਾਲ ਰਾਜੇ ਨੂੰ ਗਾਲ੍ਹਾਂ ਕੱਢੋ ਨਹੀਂ ਤੇ ਮਾਰ ਮਾਰ ਪਰਾਣੀਆਂ ਲਾਸਾਂ ਪਾ ਦਊਂ।

**ਔਖੇ ਸ਼ਬਦਾਂ ਦੇ ਅਰਥ**

ਵੱਟ : ਜ਼ਮੀਨ ਨੂੰ ਹਿੱਸਿਆਂ ਵਿਚ ਵੰਡਣ ਲਈ ਮਿੱਟੀ ਦੀ ਬਣੀ ਹੋਈ ਉੱਚੀ ਪਾਲ
ਹਾਲ ਪਾਹਰਿਆ : ਰੌਲਾ-ਰੱਪਾ, ਚੀਕ ਚਿਹਾੜਾ, ਬੁਰੀ ਗਤ
ਬੇਹੀਆਂ : ਬਾਸੀਆਂ
ਡਿਆਂ : ਕਰ ਰਿਹਾ ਹਾਂ
ਲੁਚੇ : ਬਦਮਾਸ਼
ਅਹਿਲਕਾਰ : ਨੌਕਰ, ਮੁਲਾਜ਼ਮ, ਅਹੁਦੇਦਾਰ
ਮਾਲੀਆ : ਟੈਕਸ
ਲਾਸਾਂ : ਨਿਸ਼ਾਨ, ਨੀਲ

**ਔਖੇ ਸ਼ਬਦਾਂ ਦੇ ਅਰਥ**

ਆਕੀ : ਬਾਗੀ, ਹੁਕਮ ਅਦੂਲੀ ਕਰਨ ਵਾਲੇ

ਚੂਲਾ : ਕੂਲਾ, ਢਾਕ, ਲੱਕ ਜਾਂ ਕਮਰ ਦੇ ਨਜ਼ਦੀਕ ਦਾ ਅੰਗ

ਰਾਜਾ ਤੇ ਵਜ਼ੀਰ : ਨਹੀਂ ਨਹੀਂ ਭਰਾਵਾ, ਅਸੀਂ ਨਹੀਂ ਗਾਲ੍ਹਾਂ ਕੱਢ ਸਕਦੇ। ਅਸੀਂ ਚਲੇ ਆਂ।

ਕਿਸਾਨ : ਚਲੇ ਕਿਥੇ ਓ *(ਰਾਜੇ ਤੇ ਵਜ਼ੀਰ ਦੇ ਇਕ ਇਕ ਸੋਟੀ ਮਾਰਦਾ ਹੈ)* ਬੈਠੋ ਏਥੇ ਤੇ ਬੋਲੋ ; ਓਏ ਰਾਜਿਆ ਤੇਰਾ ਬੇੜਾ ਗਰਕ ਹੋ ਜੇ।

ਰਾਜਾ ਤੇ ਵਜ਼ੀਰ : *(ਡਰਦੇ ਡਰਦੇ ਬੋਲਦੇ ਨੇ)* ਉਏ ਰਾਜਿਆ ਤੇਰਾ ਬੇੜਾ ਗਰਕ ਹੋ ਜੇ।

ਕਿਸਾਨ : *(ਦੋਵਾਂ ਨੂੰ)* ਦੋਵੇਂ ਏਸੇ ਤਰ੍ਹਾਂ ਬੋਲਦੇ ਬੋਲਦੇ ਅਗਲੇ ਪਿੰਡ ਤਾਈਂ ਪਹੁੰਚ ਜਾਓ।

*(ਰਾਜਾ ਤੇ ਵਜ਼ੀਰ 'ਉਏ ਰਾਜਿਆ ਤੇਰਾ ਕੱਖ ਨਾ ਰਹੇ', 'ਤੇਰਾ ਬੇੜਾ ਗਰਕ ਹੋ ਜਾਏ', ਕਹਿੰਦੇ ਕਹਿੰਦੇ ਰੋਂਦੇ ਹੋਏ ਬਾਹਰ ਜਾਂਦੇ ਨੇ।)*

ਤੋਤਾ ਮੈਨਾ : ਭੇਸ ਵਟਾ ਕੇ ਭੇਤ ਲੈਣ ਗਏ
ਭੇਤ ਸਾਰੇ ਖੁਲ੍ਹ ਗਏ
ਭੇਤ ਸਾਰੇ ਖੁਲ੍ਹ ਗਏ
ਪਰ ਹਾਲੇ ਕੁਝ ਹੋਰ ਭੇਤ
ਖੁਲ੍ਹਣੇ ਜੋ ਬਾਕੀ ਨੇ
ਰਾਜੇ ਦੇ ਸਿਪਾਹੀ ਤਾਂ
ਰਾਜੇ ਤੋਂ ਹੀ ਆਕੀ ਨੇ
ਰਾਜੇ ਨੂੰ ਲਗਦਾ ਸੀ ਸਭ ਕੁਝ ਠੀਕ ਏ
ਪਰ ਸਭ ਕੁਝ ਠੀਕ ਨਹੀਂ
ਇਹ ਤਾਂ ਪੁਰਾਣੀ ਰੀਤ ਏ
ਇਹ ਰਾਜੇ ਦੀ ਪਰਜਾ
ਜੋ ਅੰਦਰੋਂ ਲਿਬੜੀ ਲਿਬੜੀ
ਤੇ ਬਾਹਰੋਂ ਨ੍ਹਾਤੀ ਨ੍ਹਾਤੀ
ਲੋਕੋ ਹਾਲੇ ਜਾਇਓ ਨਾ
ਹਾਲੇ ਤਾਂ ਬਹੁਤ ਝਾਕੀਆਂ
ਜੋ ਤੁਸੀਂ ਦੇਖਣੀਆਂ ਨੇ ਬਾਕੀ

*(ਇਕ ਪਾਸੇ ਤੋਂ ਇਕ ਬੁੱਢੀ ਮਾਈ ਆਉਂਦੀ ਹੈ। ਕਾਫੀ ਦੁੱਖੀ ਹੈ ਤੇ ਉੱਚੀ-ਉੱਚੀ ਰੌਲਾ ਪਾ ਰਹੀ ਹੈ।)*

ਬੁੱਢੀ : ਵੇ ਕਲੈਹਿਆ ਰਾਜਿਆ, ਵੇ ਤੇਰਾ ਕੱਖ ਨਾ ਰਵੇ, ਹਾਏ ਮੈਂ ਮਰ ਗਈ ਵੇ ਰਾਜਿਆ, ਤੇਰਾ ਦੁਰ ਫਿਟੇ-ਮੂੰਹ। ਵੇ ਰਾਜਿਆ ਬੁੱਢੇ ਵਾਰੇ ਮੇਰਾ ਚੂਲਾ ਟੁੱਟ ਗਿਆ ਤਾਂ ਮੈਨੂੰ ਵੇਖਣ ਵਾਲਾ ਤਾਂ ਕੋਈ ਵੀ ਨਹੀਂ। ਵੇ ਰਾਜਿਆ ਤੇਰਾ ਕੱਖ ਨਾ ਰਹੇ। *(ਦੂਜੇ ਪਾਸੇ ਤੋਂ ਰਾਜਾ ਤੇ ਵਜ਼ੀਰ ਆਉਂਦੇ ਨੇ।)*

| | |
|---|---|
| ਵਜ਼ੀਰ | : ਹਜ਼ੂਰ ਮਸਾਂ ਮਸਾਂ ਉਸ ਕਿਸਾਨ ਕੋਲੋਂ ਬਚ ਕੇ ਆਏ ਆਂ, ਹੁਣ ਏਸ ਬੁੱਢੜੀ ਦੀਆਂ ਗਾਲ੍ਹਾਂ ਨੇ ਸਾਨੂੰ ਕਾਸੇ ਜੋਗਾ ਨਹੀਂ ਜੇ ਛੱਡਣਾ। |
| ਰਾਜਾ | : ਪਰ ਏਸ ਨੂੰ ਪੁਛੀਏ ਤੇ ਸਹੀ ਕਿ ਇਹਨੂੰ ਦੁੱਖ ਕੀਏ ? |
| ਵਜ਼ੀਰ | : ਹਜ਼ੂਰ, ਇਹਦੇ ਦੁੱਖ ਦਾ ਤੇ ਮੈਨੂੰ ਪਤਾ ਨਹੀਂ, ਪਰ ਮੈਂ ਬੜਾ ਦੁਖੀ ਜੇ। |
| ਰਾਜਾ | : ਬਈ ਤੂੰ ਦੁੱਖੀ ਕਿਉਂ ਏਂ ? ਤੂੰ ਤੇ ਰਾਜਮਹੱਲ ਵਿਚ ਵਧੀਆ ਥਾਂ 'ਤੇ ਰਹਿ ਰਿਹਾ ਏਂ। ਵਧੀਆ ਤਰੀਕੇ ਦੀ ਜ਼ਿੰਦਗੀ ਜੀਅ ਰਿਹਾ ਏਂ। ਤੈਨੂੰ ਕੀ ਦੁੱਖ ਹੋ ਸਕਦਾ ਏ ? |
| ਵਜ਼ੀਰ | : ਹਜ਼ੂਰ, ਮੈਨੂੰ ਇਕੋ ਦੁੱਖ ਏ ਕਿ ਐਨੀਆਂ ਗਾਲ੍ਹਾਂ ਤੇ ਮੈਨੂੰ ਮਾਂ-ਪਿਉ ਨੇ ਵੀ ਨਹੀਂ ਕੱਢੀਆਂ ਜਿੰਨੀਆਂ ਹੁਣ ਸੁਣਨੀਆਂ ਪੈ ਰਹੀਆਂ ਨੇ। |
| ਰਾਜਾ | : ਉਏ ਬੇਵਕੂਫ਼ਾ ! ਤੂੰ 'ਕੱਲਾ ਤੇ ਨਹੀਂ ਗਾਲ੍ਹਾਂ ਸੁਣਨ ਵਾਲਾ, ਅਸੀਂ ਵੀ ਤੇ ਤੇਰੇ ਨਾਲ ਆਂ। |
| ਵਜ਼ੀਰ | : ਹਜ਼ੂਰ, ਏਸੇ ਲਈ ਤਾਂ ਮੈਨੂੰ ਗਾਲ੍ਹਾਂ ਸੁਣਨੀਆਂ ਪੈ ਰਹੀਆਂ, ਕਿਉਂਕਿ ਮੈਂ ਤੁਹਾਡੇ ਨਾਲ ਆਂ। |
| ਰਾਜਾ | : ਕੋਈ ਨਾ, ਫ਼ਿਕਰ ਨਾ ਕਰ। ਆ ਪਹਿਲਾਂ ਏਸ ਮਾਈ ਨੂੰ ਪੁੱਛੀਏ ਤੇ ਸਹੀ। *(ਬੁੱਢੀ ਦੇ ਕੋਲ ਜਾ ਕੇ)* |
| ਵਜ਼ੀਰ | : ਕੀ ਗੱਲ ਹੋ ਗਈ ਮਾਤਾ ? |
| ਬੁੱਢੀ | : ਵੇ ਢਹਿ ਜਾਣਿਆਂ ਮੈਂ ਕਿਤੇ ਮਾਤਾ ਆਂ। ਤੈਨੂੰ ਤੇਰੇ ਮਾਂ ਪਿਉ ਨੇ ਬੋਲਣ ਦੀ ਜਾਚ ਨਹੀਂ ਦੱਸੀ ਤੇ ਆਪਣੇ ਤੋਂ ਵੱਡਿਆਂ ਨਾਲ ਕਿਵੇਂ ਬੋਲੀਦਾ ਆ। |
| ਵਜ਼ੀਰ | : ਹੋਰ ਦਸੋ, ਅਸੀਂ ਤੁਹਾਨੂੰ ਕੀ ਕਹੀਏ ? |
| ਬੁੱਢੀ | : ਵੇ ਜੋ ਆਪਣੀ ਮਾਂ ਨੂੰ ਕਹਿਨਾ ਏਂ ? |
| ਵਜ਼ੀਰ | : ਉਹਨੂੰ ਤੇ ਮੈਂ ਮਾਂ ਜੀ ਕਹਿ ਕੇ ਬੁਲਾਉਨਾ ਵਾਂ। |
| ਬੁੱਢੀ | : ਤੇ ਫੇਰ ਮੈਨੂੰ ਮਾਂ ਜੀ ਕਹਿਣ ਲੱਗਿਆਂ ਤੈਨੂੰ ਗਸ਼ ਪੈਂਦੀ ਆ। |
| ਰਾਜਾ | : ਸਾਥੋਂ ਭੁੱਲ ਹੋ ਗਈ ਮਾਂ ਜੀ, ਹੁਣ ਦੱਸੋ ਤੁਹਾਨੂੰ ਕੀ ਦੁੱਖ ਏ ਜੋ ਰਾਜੇ ਨੂੰ ਗਾਲ੍ਹਾਂ ਕੱਢੀ ਜਾਂਦੇ ਉ। |
| ਬੁੱਢੜੀ | : ਵੇ ਪੁੱਤਰੋ ਮੈਨੂੰ ਤਿੰਨ ਸਾਲ ਹੋ ਗਏ ਮੰਗਤੀ ਬਣ ਕੇ ਗੁਜ਼ਾਰਾ ਕਰਦਿਆਂ ਨੂੰ। ਮਰ ਜਾਏ ਰਾਜਾ। ਜਿਹਦੀ ਫੌਜ ਵਿਚ ਮੇਰਾ ਇਕੋ ਇਕ ਪੁੱਤ ਗਿਆ, ਵਾਪਸ ਨਹੀਂ ਆਇਆ। ਮੰਗ ਤੰਗ ਕੇ ਗੁਜ਼ਾਰਾ ਕਰਦੀ ਆਂ, ਪੁੱਤ ਬਾਰੇ ਪਤਾ ਲੱਗਾ ਸੀ ਕਿ ਜੰਗ 'ਚ ਮਰ ਗਿਆ। ਪਰ ਮੇਰਾ ਦਿਲ ਨਹੀਂ ਮੰਨਦਾ। ਏਸੇ ਆਸਰੇ ਤੁਰੀ ਫਿਰਦੀ ਆਂ ਕਿ ਕਦੀ ਤਾਂ ਮੇਰਾ ਪੁੱਤਰ ਆਏਗਾ। ਜੋ ਮੈਨੂੰ ਸੁੱਖ ਦਏਗਾ। |
| ਰਾਜਾ | : ਪਰ ਮਾਂ ਜੀ, ਤੁਸੀਂ ਰਾਜੇ ਕੋਲ ਫ਼ਰਿਆਦ ਕਿਉਂ ਨਹੀਂ ਕੀਤੀ ? |

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਕਾਸੇ | : ਕਿਸੀ |
| ਗਸ਼ | : ਬੇਸੁਰਤ, ਬੇਹੋਸ਼ੀ |

| | |
|---|---|
| ਜੰਗ | :ਲੜਾਈ |
| ਝੋਕੀ | :ਭੇਜਣਾ, ਜ਼ਬਰਦਸਤੀ ਧੱਕ ਦੇਣਾ |
| ਭੋਂਅ | :ਜ਼ਮੀਨ |
| ਰਮਾਨ | :ਆਰਾਮ |

ਬੁੱਢੀ : ਵੇ ਉਸ ਅਉਂਤਰੇ ਕੋਲ ਵਿਹਲ ਹੀ ਕਿਥੇ ਆ ਲੋਕਾਂ ਦੀਆਂ ਫ਼ਰਿਆਦਾਂ ਸੁਣਨ ਦੀ। ਨਾਲੇ ਮੈਂ ਉਹਦੇ ਕੋਲੋਂ ਕੀ ਮੰਗਾਂ, ਉਹ ਤੇ ਆਪ ਮੰਗਤਾ ਬਣਿਆ ਖਲੋਤਾ ਦੂਜਿਆਂ ਦੇਸ਼ਾਂ ਦੇ ਅੱਗੇ। ਕਈ ਹੋਰ ਰਾਜਿਆਂ ਦਾ ਉਸ ਨੇ ਕਰਜ਼ਾ ਦੇਣਾ ਆ ਤੇ ਉਹੋ ਗੁਆਂਢੀਆਂ ਨਾਲ ਨਿਤ ਪੰਗੇ ਲੈ ਕੇ ਮਰ ਜਾਣਾ ਰਾਜਾ ਨਿੱਤ ਜੰਗ ਲਾਈ ਰੱਖਦਾ ਵਾ। ਮੈਂ ਕਹਿਨੀ ਆਂ ਏਸ ਜੰਗ 'ਚ ਜੇ ਕਿਤੇ ਰਾਜੇ ਦਾ ਆਪਣਾ ਪੁੱਤਰ ਗਿਆ ਹੁੰਦਾ ਤਾਂ ਉਹਦਾ ਕਾਲਜਾ ਮੱਚਦਾ। ਸਾਡੇ ਗਰੀਬਾਂ ਦੇ ਬੱਚੇ ਜੰਗ 'ਚ ਝੋਕੀ ਰੱਖਦੈ। ਮੈਂ ਪੁੱਛਦੀ ਆਂ ਇਹ ਰਾਜੇ ਜੰਗਾਂ ਕਰਦੇ ਈ ਕਿਉਂ ਨੇ। ਇਹਨਾਂ ਕੋਲੋਂ ਰਮਾਨ ਨਾਲ, ਸ਼ਾਂਤੀ ਨਾਲ ਆਪੋ ਆਪਣੇ ਘਰੀਂ ਨਹੀਂ ਬੈਠਿਆ ਜਾਂਦਾ। ਪਈ ਦੱਸੋ ਤੁਸੀਂ ਚੱਪਾ ਕੁ ਭੋਂਅ ਲੈ ਕੇ ਹੋਰ ਕੀ ਕਰ ਲਉਗੇ ਜੇ ਐਡੇ ਵੱਡੇ ਦੇਸ਼ ਨਾਲ ਨਹੀਂ ਰੱਜ ਸਕੇ। *(ਰੋਂਦੀ ਹੋਈ ਤੁਰ ਪੈਂਦੀ ਹੈ)* ਮੈਂ ਕਹਿਨੀ ਆਂ ਲੱਖ ਲਾਹਨਤ ਏਹੋ ਜੇਹੇ ਰਾਜਿਆਂ ਦੇ ਜਿਹੜੇ ਮਾਵਾਂ ਦੇ ਪੁੱਤਰ ਮਰਵਾਈ ਜਾਂਦੇ ਆ—ਵੇ ਰਾਜਿਓ ਤੁਹਾਡਾ ਕੱਖ ਨਾ ਰਵੇ ਵੇ। (ਜਾਂਦੀ ਹੈ)

ਰਾਜਾ : ਲੈ ਬਈ ਇਹ ਮਾਈ ਤੇ ਇਕ ਰਾਜੇ ਨੂੰ ਨਹੀਂ ਸਾਰਿਆਂ ਨੂੰ ਗਾਲ੍ਹਾਂ ਕੱਢੀ ਜਾਂਦੀ ਆ।

ਵਜ਼ੀਰ : ਮਹਾਰਾਜ ! ਮਾਵਾਂ ਲਈ ਪੁੱਤ ਵੀ ਸਾਰੇ ਇਕੋ ਜਹੇ ਹੁੰਦੇ ਨੇ ਤੇ ਰਾਜੇ ਵੀ।

ਰਾਜਾ : ਤੂੰ ਕੀ ਬੁਝਾਰਤਾਂ ਪਾਉਣ ਲੱਗ ਪਿਆ।

ਵਜ਼ੀਰ : ਹਜ਼ੂਰ, ਬੁਝਾਰਤ ਤੇ ਉਸ ਮਾਈ ਨੇ ਪਾਈ ਸੀ। ਜੋ ਮੈਂ ਤੇ ਬੁੱਝ ਲਈ ਹੁਣ ਤੁਹਾਡੀ ਵਾਰੀ ਏ।

ਰਾਜਾ : ਚੱਲ ਹੁਣ ਵਾਪਸ ਚਲੀਏ।

ਵਜ਼ੀਰ : ਹਜ਼ੂਰ ਏਨੀ ਜਲਦੀ।

ਰਾਜਾ : ਕਿਉਂ ਹਾਲੇ ਕੋਈ ਕਸਰ ਬਾਕੀ ਏ।

ਵਜ਼ੀਰ : ਮੈਨੂੰ ਲਗਦਾ ਤਾਂ ਏਦਾਂ ਈ ਏ।

ਰਾਜਾ : ਉਹ ਕਿਵੇਂ ?

*(ਇਕ ਪਾਸੇ ਤੋਂ ਇਕ ਬਜ਼ੁਰਗ ਦੇ ਚੀਕਣ ਦੀ ਅਵਾਜ਼ ਆਉਂਦੀ ਏ। ਹਾਏ ਹਾਏ ਕੰਡਾ ਚੁੱਭ ਗਿਆ। ਉਏ ਹਾਏ ਮੈਂ ਮਰ ਗਿਆਂ।)*

ਵਜ਼ੀਰ : ਲਉ ਹਜ਼ੂਰ ਹੁਣੇ ਪਤਾ ਲੱਗ ਜਾਂਦਾ। *(ਬਜ਼ੁਰਗ ਲਾਗੇ ਆਉਂਦਾ ਹੈ।)*

ਬੁੱਢਾ : ਹਾਏ ਉਏ ਕੰਢਾ ਚੁੱਭ ਗਿਆ, ਮੈਂ ਮਰ ਗਿਆ ਉਏ।

ਰਾਜਾ : *(ਹੌਲੀ ਜਿਹੀ ਵਜ਼ੀਰ ਨੂੰ)* ਲੈ ਬਈ ਆ ਪਹਿਲਾ ਬੰਦਾ ਈ, ਜਿਹੜਾ ਕਹਿੰਦਾ ਮੈਂ ਮਰ ਗਿਆਂ। ਜਿਹਨੇ ਹਾਲੇ ਤਕ ਰਾਜੇ ਨੂੰ ਗਾਲ੍ਹ ਨਹੀਂ ਕੱਢੀ।

| | |
|---|---|
| ਬੁੱਢਾ | : ਹਾਏ ਉਏ ਮਰ ਜਾਏਂ ਰਾਜਿਆ, ਤੇਰਾ ਬੇੜਾ ਗਰਕ ਜਾਏ। ਜੀਹਦੇ ਰਾਜ 'ਚ ਬਜ਼ੁਰਗਾਂ ਦੇ ਪੈਰਾਂ 'ਚ ਕੰਡੇ ਚੁੱਭੀ ਜਾਂਦੇ ਆ। |
| ਰਾਜਾ | : *(ਕੋਲ ਆ ਕੇ)* ਪਰ ਬਜ਼ੁਰਗੋ ਜੇ ਕੰਡਾ ਤੁਹਾਡੇ ਪੈਰ 'ਚ ਚੁੱਭਿਆ ਤਾਂ ਇਹਦੇ 'ਚ ਰਾਜੇ ਦਾ ਕੀ ਕਸੂਰ ਏ। |
| ਬੁੱਢਾ | : ਕਸੂਰ ਈ ਸਾਰਾ ਰਾਜੇ ਦਾ ਆ ਜੀਹਦੇ ਰਾਜ 'ਚ ਏਨਾ ਗੰਦ ਪਿਆ, ਜੇ ਸਫਾਈ ਹੋਈ ਹੋਵੇ ਤਾਂ ਸਾਡੇ ਪੈਰਾ 'ਚ ਕੰਡੇ ਕਿਉਂ ਚੁੱਭਣ ? |
| ਵਜ਼ੀਰ | : ਬਜ਼ੁਰਗੋ ਕੰਡਾ ਤਾਂ ਜ਼ਾਲਮ ਏ, ਲਿਆਓ ਮੈਂ ਕੱਢ ਦਿਆਂ। |
| ਬੁੱਢਾ | : ਰਹਿਣ ਦੇ ਉਏ ਵੱਡਿਆ ਹਮਦਰਦਾ। ਮੈਂ ਆਪੇ ਕੱਢ ਲਊਂ। |
| ਵਜ਼ੀਰ | : ਨਹੀਂ ਬਜ਼ੁਰਗੋ ਅਸੀਂ ਕਾਹਦੇ ਲਈ ਆਂ। |
| ਬੁੱਢਾ | : ਕੋਈ ਸੂਈ ਹੈਗੀ ਆ। |
| ਰਾਜਾ | : ਨਹੀਂ। |
| ਬੁੱਢਾ | : ਕੋਈ ਸੂਲ ਹੀ ਫੜ ਲਿਆਓ ਵੱਡੀ ਸਾਰੀ। |
| ਰਾਜਾ | : ਸੂਲ ਉਹ ਕੀ ਕਰਨੀ ਆ ? |
| ਬੁੱਢਾ | : ਸੂਲ ਜਿਹੜੀ ਤੇਰੇ ਉਸ ਪਿਉ ਰਾਜੇ ਕਰਕੇ ਫਸੀ ਆ ਉਹ ਕੱਢਣੀ ਨਹੀਂ। |
| ਰਾਜਾ | : ਸੂਲ, ਸੂਲ ਨਾਲ ਕੱਢਣੀ ਆਂ ? |
| ਬੁੱਢਾ | : ਉਏ ਬੇਅਕਲਿਆ ਸੁਣੀ ਨਹੀਂ ਕਹਾਵਤ ਕਿ ਕੰਡੇ ਨਾਲ ਕੰਡੇ ਕੱਢਿਆ ਗਿਆ। |
| ਰਾਜਾ | : ਪਰ ਮੇਰੇ ਕੋਲ ਤਾਂ ਤਲਵਾਰ ਆ। |
| ਬੁੱਢਾ | : ਦੁਰ ਫਿਟੇ ਮੂੰਹ ਤੇਰਾ, ਕਦੀ ਕੋਈ ਤਲਵਾਰ ਨਾਲ ਵੀ ਸੂਲ ਕੱਢਦਾ ਆ। ਤਲਵਾਰਾਂ ਨਾਲ ਜੰਗ ਲੜੀਦੀ ਏ। |
| ਰਾਜਾ | : ਬਜ਼ੁਰਗੋ, ਤੁਹਾਨੂੰ ਤਾਂ ਰਾਜੇ ਦੀ ਫੌਜ 'ਚ ਹੋਣਾ ਚਾਹੀਦਾ ਸੀ। |
| ਬੁੱਢਾ | : *(ਗੁੱਸੇ 'ਚ)* ਰਾਜੇ ਦੀ ਫੌਜ 'ਚ। ਇਸ ਕੁੱਤੇ ਰਾਜੇ ਦੀ ਫੌਜ 'ਚ। *(ਵਜ਼ੀਰ ਨੂੰ ਗੁੱਸਾ ਆਉਂਦਾ ਹੈ, ਪਰ ਰਾਜਾ ਰੋਕ ਲੈਂਦਾ ਹੈ)* ਜਿਥੇ ਚੱਤੇ ਪਹਿਰ ਚੋਰ-ਉਚਕੇ ਅਹਿਲਕਾਰਾਂ ਨਾਲ ਮਿਲ ਕੇ ਦਿਨ-ਦਿਹਾੜੇ ਡਾਕੇ ਮਾਰਦੇ ਨੇ। ਗੁਆਂਢੀ ਨੂੰ ਗੁਆਂਢੀ 'ਤੇ ਭਰੋਸਾ ਨਹੀਂ। ਲੋਕੀਂ ਕਿਕਰਾਂ ਛਾਂਗ-ਛਾਂਗ ਕੇ ਘਰਾਂ ਦੁਆਲੇ ਵਾੜ ਕਰਨ ਡਹੇ ਨੇ। ਕੀ ਪਤਾ ਮੁਖਬਰਾਂ ਨਾਲ ਮਿਲ ਕੇ ਗੁਆਂਢੀ ਰਾਜਾ ਚੜ੍ਹ ਆਵੇ। ਲੜਨ ਰਾਜੇ ਤੇ ਮਰਨ ਲੋਕ। ਦੁਰ ਫਿਟੇ ਮੂੰਹ ਤੇਰਾ ਤੇ ਨਾਲੇ ਤੇਰੇ ਰਾਜੇ ਦਾ। (ਉਸੇ ਤਰ੍ਹਾਂ ਲੰਗੜਾਉਂਦਾ ਹੋਇਆ ਚਲਾ ਜਾਂਦਾ ਹੈ) |
| ਤੋਤਾ-ਮੈਨਾ | : ਹੁਣ ਤੂੰ ਵੀ ਕੁਝ ਬੋਲ ਰਾਜਿਆ<br>ਦਿਲ ਦੀ ਘੁੰਡੀ ਖੋਲ੍ਹ ਰਾਜਿਆ |

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਏਦਾਂ | :ਇਸ ਤਰ੍ਹਾਂ |
| ਸੂਲ | :ਕੰਡਾ |
| ਦੁਰਫਿੱਟੇ ਮੂੰਹ | :ਦੁਰਕਾਰਨਾ, ਤ੍ਰਿਸਕਾਰਨਾ |
| ਚੱਤੋ ਪਹਿਰ | :ਹਮੇਸ਼ਾ |
| ਮੁਖਬਰਾਂ | :ਜਸੂਸਾਂ |

**ਔਖੇ ਸ਼ਬਦਾਂ ਦੇ ਅਰਥ**

ਸੋਕਾ : ਗਰਮੀ, ਸੁੱਕਾ, ਮੀਂਹ ਨ ਪੈਣ ਦੀ ਸਥਿਤੀ

ਕਾਲ : ਅਕਾਲ ਦੀ ਸਥਿਤੀ, ਅੰਨ ਤੇ ਧਨ ਦੀ ਘਾਟ ਹੋ ਗਈ, ਥੁੜ

ਗਿਰਝ : ਗਿੱਧ, ਇਕ ਪੰਛੀ

ਬੋਲ ਰਾਜਿਆ ਬੋਲ ਰਾਜਿਆ
ਦਿਲ ਦੀਆਂ ਪਰਤਾਂ ਫੋਲ ਰਾਜਿਆ
ਪਰ ਰਾਜਾ ਕੀ ਬੋਲੇ
ਉਹ ਤਾਂ ਥਰ ਥਰ ਡੋਲੇ

ਵਜ਼ੀਰ : ਕਿਉਂ ਹਜ਼ੂਰ, ਕੀ ਹਾਲ ਚਾਲ ਏ ?

ਰਾਜਾ : ਲਗਦਾ ਏ, ਇਹ ਤੇਰੀ ਕੋਈ ਨਵੀਂ ਚਾਲ ਏ।

ਵਜ਼ੀਰ : ਹਜ਼ੂਰ ਪਰਜਾ ਨੂੰ ਮਿਲ ਕੇ ਲਗਦਾ।
ਜਿਵੇਂ ਚਾਰੇ ਪਾਸੇ ਸੋਕਾ ਤੇ ਕਾਲ ਏ।

ਰਾਜਾ : ਸਾਨੂੰ ਕੁਝ ਕਰਨਾ ਚਾਹੀਦਾ। *(ਇਕ ਡੱਡੂ ਰੌਲਾ ਪਾਉਂਦਾ ਆਉਂਦਾ ਹੈ।)*

ਡੱਡੂ : ਹਾਏ ਉਏ ਰਾਜਿਆ, ਤੇਰਾ ਕੱਖ ਨਾ ਰਹੇ, ਤੇਰੇ ਖ਼ਾਨਦਾਨ ਦਾ ਕੱਖ ਨਾ ਰਵੇ।

ਰਾਜਾ : ਹੈਂ ਇਹ ਕੀ ?

ਵਜ਼ੀਰ : ਇਹ ਵੀ। *(ਰਾਜਾ ਵਜ਼ੀਰ ਡੱਡੂ ਕੋਲ ਜਾਂਦੇ ਨੇ।)*

ਰਾਜਾ : ਕਿਉਂ ਉਏ ਡੱਡੂਆ, ਤੈਨੂੰ ਕੀ ਹੋ ਗਿਆ। ਕਿਉਂ ਰਾਜੇ ਨੂੰ ਗਾਲ੍ਹਾਂ ਕੱਢੀ ਜਾਨੈਂ।

ਡੱਡੂ : ਤੂੰ ਕੀ ਕਰ ਲਏਂਗਾ ਮੇਰਾ, ਹੋਣੀ ਵਾਪਰ ਗਈ ਏ।

ਰਾਜਾ : ਕਿਹੜੀ ਹੋਣੀ।

ਡੱਡੂ : ਗਿਰਝ ਮੇਰੇ ਸਾਥੀ ਨੂੰ ਖਾ ਗਈ।

ਰਾਜਾ : ਪਰ ਏਸ 'ਚ ਰਾਜੇ ਦਾ ਕੀ ਕਸੂਰ ?

ਡੱਡੂ : ਤੂੰ ਕਸੂਰ ਪੁੱਛਦਾ ਏਂ ? ਕਾਲ ਵਰਤਿਆ ਪਿਆ। ਲੋਕੀਂ ਡੰਗਰ ਪਸ਼ੂ ਲੈ ਕੇ ਦੂਜੇ ਰਾਜ ਵਿਚ ਚਲੇ ਗਏ ਨੇ। ਰਾਜੇ ਦੇ ਅਹਿਲਕਾਰ ਸਾਡੇ ਸਾਥੀ ਜਾਨਵਰਾਂ ਦਾ ਸ਼ਿਕਾਰ ਕਰੀ ਜਾ ਰਹੇ ਨੇ। ਜਾਨਵਰ ਡਰਦੇ ਜੰਗਲਾਂ 'ਚ ਜਾ ਲੁਕੇ ਨੇ। ਰਾਜੇ ਦੇ ਸਿਪਾਹੀਆਂ ਨੇ ਜੰਗਲ ਕਟਵਾਉਣੇ ਸ਼ੁਰੂ ਕਰ ਦਿੱਤੇ ਨੇ। ਉਥੇ ਵੱਡੇ ਵੱਡੇ ਮਹਿਲ ਉਸਾਰ ਰਹੇ ਨੇ। ਕਈਆਂ ਨੇ ਸਾਡੇ ਸਾਥੀ ਜਾਨਵਰਾਂ ਨੂੰ ਪਿੰਜਰਿਆਂ 'ਚ ਬੰਦ ਕਰ ਰਖਿਆ ਏ। ਹੁਣ ਅਸੀਂ ਜਾਈਏ ਤੇ ਕਿਥੇ ਜਾਈਏ। ਉਏ ਤੁਹਾਡੇ ਮੂਰਖ ਰਾਜੇ ਨੂੰ ਨਹੀਂ ਪਤਾ ਜੇ ਜੰਗਲ ਕਟਵਾ ਦਿੱਤੇ ਤਾਂ ਹਰਿਆਲੀ ਖ਼ਤਮ ਹੋ ਜਾਊ, ਮੀਂਹ ਨਹੀਂ ਪੈਣੇ, ਠੰਡੀਆਂ ਹਵਾਵਾਂ ਨਹੀਂ ਚਲਣੀਆਂ। ਜੇ ਸਾਡੇ ਸਾਥੀ ਜਾਨਵਰਾਂ ਦਾ ਏਸੇ ਤਰ੍ਹਾਂ ਸ਼ਿਕਾਰ ਹੁੰਦਾ ਰਿਹਾ ਤਾਂ ਫੇਰ ਕੋਈ ਜਾਨਵਰ ਧਰਤੀ 'ਤੇ ਨਹੀਂ ਬਚਣਾ। ਆਪਣੀ ਆਉਣ ਵਾਲੀ ਨਸਲ ਨੂੰ ਫੇਰ ਤੁਸੀਂ ਬਸ ਕਿਤਾਬਾਂ ਵਿਚ ਹੀ ਜਾਨਵਰਾਂ ਦੀਆਂ ਫੋਟੋਆਂ ਵਿਖਾਉਂਦੇ ਰਹਿਣਾ-ਤੇ ਕਿਹਾ ਕਰਨਾ :

ਇਕ ਸੀ ਚਿੜੀ ਤੇ ਇਕ ਸੀ ਕਾਂ
ਮਰ ਜਾਏ ਤੁਹਾਡੇ ਰਾਜੇ ਦੀ ਮਾਂ
ਜਿਸ ਜੰਮਿਆ ਐਸਾ ਰਾਜਾ ਨਿਕੰਮਾ
*(ਕਹਿੰਦਾ ਕਹਿੰਦਾ ਜਾਂਦਾ ਹੈ।)*

ਤੋਤਾ-ਮੈਨਾ : ਹੁਣ ਰਾਜਾ ਕੀ ਬੋਲੇ, ਕੀਕਣ ਘੁੰਡੀ ਖੋਲੇ
ਹੁਣ ਰਾਜਾ ਕੁਝ ਕਹਿ ਨਹੀਂ ਸਕਦਾ
ਸ਼ਰਮਿੰਦਗੀ ਉਹ ਸਹਿ ਨਹੀਂ ਸਕਦਾ
ਪਰ ਕੁਝ ਤਾਂ ਕਰਨਾ ਪੈਣਾ, ਜੇਰਾ ਰੱਖਣਾ ਪੈਣਾ
ਤੇ ਸਭ ਕੁਝ ਸਹਿਣਾ ਪੈਣਾ
*(ਰਾਜਾ ਤੇ ਵਜ਼ੀਰ ਦੂਜੇ ਪਾਸੇ ਤੋਂ ਆਉਂਦੇ ਨੇ।)*

ਰਾਜਾ : ਚੱਲ ਓਏ ਭਰਾਵਾ, ਚੱਲ ਵਾਪਸ ਮਹਿਲਾਂ ਨੂੰ ਚਲੀਏ।

ਵਜ਼ੀਰ : ਪਰ ਹਜ਼ੂਰ ! ਹਾਲੇ ਤਾਂ ਅਸੀਂ ਥੋੜਿਆਂ ਨੂੰ ਈ ਮਿਲੇ ਆਂ, ਜ਼ਰਾ ਹੋਰ ਅੱਗੇ ਤਾਂ ਚਲੀਏ।

ਰਾਜਾ : ਉਏ, ਸਾਡੀ ਥੋੜਿਆਂ ਨੇ ਹੀ ਤਸੱਲੀ ਕਰਵਾ 'ਤੀ ਆ। ਹੁਣ ਹੋਰ ਕੋਈ ਕਸਰ ਬਾਕੀ ਰਹਿ ਗਈ ਆ। ਜਿਹੜਾ ਅੱਗੇ ਜਾਣ ਨੂੰ ਕਹਿ ਰਿਹੈਂ।

ਵਜ਼ੀਰ : ਫੇਰ ਵੀ ਹਜ਼ੂਰ, ਮੈਨੂੰ ਲਗਦਾ ਏ ਕਿ ਸਾਨੂੰ ਆਪ ਆਪਣੇ ਸਿਪਾਹੀਆਂ ਦੀ ਕਾਰਗੁਜ਼ਾਰੀ ਕੋਤਵਾਲੀ 'ਚ ਜਾ ਕੇ ਵੇਖਣੀ ਚਾਹੀਦੀ ਆ। ਕੀ ਪਤਾ ਪਰਜਾ ਸਾਡੇ ਕੋਲ ਝੂਠੀਆਂ ਸ਼ਕੈਤਾਂ ਹੀ ਨਾ ਲਾਉਂਦੀ ਹੋਵੇ।

ਰਾਜਾ : ਗੱਲ ਤਾਂ ਤੇਰੀ ਠੀਕ ਏ, ਚੱਲ ਅਸੀਂ ਹੁਣ ਕੋਤਵਾਲੀ ਚਲਦੇ ਆਂ।

ਵਜ਼ੀਰ : ਚਲੋ ਹਜ਼ੂਰ। *(ਦੋਵੇਂ ਤੁਰਦੇ ਨੇ।)*

ਤੋਤਾ-ਮੈਨਾ : ਲਉ ਵੇਖੋ ਰਾਜੇ ਦੀ ਕੋਤਵਾਲੀ ਦਾ ਹਾਲ
ਏਥੇ ਮਾੜੇ ਮੋਟੇ ਦੀ ਗਲਦੀ ਨਹੀਂ ਦਾਲ
ਤੁਹਾਡੀ ਗੱਲ ਤਾਂ ਸੁਣਦੀ ਜੇ ਜੇਬ 'ਚ ਹੋਵੇ ਮਾਲ
ਸਭ ਸੇਠ ਸ਼ਾਹੂਕਾਰ ਚਲਦੇ ਨੇ ਆਪਣੀ ਚਾਲ
ਗਰੀਬ ਪਰਜਾ ਦਾ ਏਥੇ ਕੋਈ ਨਾ ਪੁੱਛਦਾ ਹਾਲ
ਏਥੇ ਤਾਂ ਵਿਛਾਇਆ ਜਾਂਦਾ ਏ ਕਾਨੂੰਨ ਦਾ ਜਾਲ
ਏਥੇ ਤਾਂ ਡੰਡਾ ਏ ਰਾਜਾ ਤੇ ਵਜ਼ੀਰ ਏ ਗਾਲ੍ਹ
*(ਕੋਤਵਾਲੀ ਦਾ ਸੀਨ। ਹਵਾਲਦਾਰ ਤੇ ਸਿਪਾਹੀ ਇਕ ਗਰੀਬ ਨੂੰ ਜ਼ਮੀਨ 'ਤੇ ਲਿਟਾ ਕੇ ਉਸ ਦੇ ਡੰਡੇ ਮਾਰ ਰਹੇ ਨੇ ਤੇ ਗਾਲ੍ਹਾਂ ਕੱਢ ਰਹੇ ਨੇ। ਗਰੀਬ ਚੀਕ ਰਿਹਾ ਏ 'ਬਚਾਓ...ਬਚਾਓ, ਹਜ਼ੂਰ ਹੋਰ ਨਾ ਮਾਰੋ ਮੈਂ ਚੋਰੀ ਨਹੀਂ ਕੀਤੀ ਜੀ।')*

**ਔਖੇ ਸ਼ਬਦਾਂ ਦੇ ਅਰਥ**

ਨਿਕੰਮਾ : ਬੇਕਾਰ
ਕੀਕਣ : ਕਿਵੇਂ
ਕੋਤਵਾਲੀ : ਮੁੱਖ ਪੁਲਿਸ ਸਟੇਸ਼ਨ, ਪੁਲਿਸ ਥਾਣਾ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਜੇਰਾ | :ਜਿਗਰਾ, ਹਿੰਮਤ |
| ਮਹੀਨਾ | :ਹਰ ਮਹੀਨੇ ਰਿਸ਼ਵਤ ਦੇਣ ਤੋਂ ਭਾਵ |
| ਨਾਗਾ | :ਗ਼ੈਰ ਹਾਜ਼ਰੀ, ਛੁੱਟੀ |
| ਤਿੱਤਰ ਹੋ ਜਾਣਾ | :ਦੌੜ ਜਾਣਾ |

ਕੋਤਵਾਲ : *(ਲੰਮੇ ਪਏ ਹੋਏ ਆਦਮੀ ਦੇ ਡੰਡਾ ਮਾਰ ਕੇ)* ਹੁਣ ਬੋਲ ਮਹੀਨਾ ਸਮੇਂ ਸਿਰ ਪੁਚਾਏਂਗਾ ਕਿ ਨਹੀਂ।

ਆਦਮੀ : *(ਰੋਂਦੇ ਹੋਏ)* ਹਜ਼ੂਰ, ਮਾਈ ਬਾਪ ਜ਼ਰੂਰ ਪਹੁੰਚਾਵਾਂਗਾ।

ਕੋਤਵਾਲ : ਨਾਗਾ ਤੇ ਨਹੀਂ ਪੈਣ ਦਏਂਗਾ।

ਆਦਮੀ : ਨਹੀਂ ਹਜ਼ੂਰ, ਮੈਨੂੰ ਬਖ਼ਸ਼ ਦਿਉ।

ਕੋਤਵਾਲ : ਚੰਗਾ ਹੁਣ ਤਿੱਤਰ ਹੋ ਜਾ ਨਹੀਂ ਤਾਂ ਕੁੱਕੜ ਬਣਾ ਕੇ ਧੁੱਪੇ ਪਟਾ ਫੇਰੂੰਗਾ। *(ਆਦਮੀ ਜਾਂਦਾ ਹੈ) (ਕੋਤਵਾਲੀ ਦੇ ਬਾਹਰ ਖੜ੍ਹੇ ਰਾਜਾ ਤੇ ਵਜ਼ੀਰ ਸਭ ਵੇਖ ਰਹੇ ਨੇ। ਆਦਮੀ ਉਹਨਾਂ ਦੇ ਕੋਲੋਂ ਦੀ ਲੰਘਦਾ ਹੋਇਆ ਬੋਲਦਾ ਹੈ।)*

ਆਦਮੀ : ਓਏ ਵੇਖਿਆ ਜੇ ਭਰਾਵਾ, ਇਥੇ ਗਰੀਬ ਨੂੰ ਕਿਵੇਂ ਕੁਟਿਆ ਤੇ ਲੁਟਿਆ ਜਾਂਦਾ ਏ, ਮੈਂ ਕਹਿਨਾ ਮਰ ਜਾਏ ਇਹੋ ਜਿਹਾ ਰਾਜਾ ਜੀਹਦੇ ਰਾਜ 'ਚ ਦਿਨ ਦਿਹਾੜੇ ਇਨਸਾਫ ਘਰਾਂ 'ਚ ਬੇਇਨਸਾਫ਼ੀ ਹੋਣ ਡਹੀ ਆ।

ਰਾਜਾ : ਪਰ ਤੂੰ ਜ਼ਰੂਰ ਕੋਈ ਕਸੂਰ ਕੀਤਾ ਹੋਣੈ।

ਆਦਮੀ : ਕਸੂਰ ਤੇਰੀ ਮਾਂ ਦਾ ਸਿਰ ਕੀਤਾ ਵਾ। ਸ਼ਹਿਰ ਦੇ ਵੱਡੇ ਚੌਕ 'ਚ ਰੇਹੜੀ ਲਾ ਕੇ ਸਾਮਾਨ ਵੇਚਦਾ ਸਾਂ। ਇਹ ਸਿਪਾਹੀ ਕਹਿੰਦੇ ਸਾਨੂੰ ਮਹੀਨਾ ਭਰਿਆ ਕਰ। ਦਸੋ ਮੈਂ ਗਰੀਬ ਕਿਥੋਂ ਮਹੀਨਾ ਭਰਾਂ। ਇਹਨਾਂ ਵਿਹਲੜਾਂ ਲਈ।

ਰਾਜਾ : ਚੱਲ ਆ ਮੇਰੇ ਨਾਲ ਮੈਂ ਗੱਲ ਕਰਦਾ ਵਾਂ।

ਆਦਮੀ : ਪਰ ਤੂੰ ਕੌਣ ਏਂ ?

ਰਾਜਾ : ਮੈਂ...ਮੈਂ ਨਾਲ ਦੇ ਪਿੰਡ ਦਾ ਸਰਪੰਚ, ਆ ਮੇਰੇ ਨਾਲ। *(ਤਿੰਨੋਂ ਅੰਦਰ ਜਾਂਦੇ ਨੇ।)*

ਰਾਜਾ : *(ਕੋਤਵਾਲ ਨੂੰ)* ਕੀ ਗੱਲ ਏ, ਕੋਤਵਾਲ ਸਾਹਿਬ ਤੁਸੀਂ ਇਸ ਗਰੀਬ ਨੂੰ ਕਿਉਂ ਕੁਟਿਆ, ਮੈਂ ਰਾਜੇ ਕੋਲ ਤੇਰੀ ਸ਼ਿਕਾਇਤ ਕਰਾਂਗਾ।

ਕੋਤਵਾਲ : ਤੂੰ ਇਹਦਾ ਮਾਮਾ ਲਗਦਾ ਏਂ, ਜੋ ਇਹਦੀ ਸਿਫਾਰਸ਼ ਕਰਨ ਆਇਆ ਏਂ। ਓਏ ਜਾਂ ਤੇ ਤੂੰ ਇਹਦੀ ਥਾਂ ਮਹੀਨਾ ਭਰ ਦਿਆ ਕਰ। ਨਹੀਂ ਤੇ ਤਿੱਤਰ ਹੋ ਜਾ ਏਥੋਂ।

ਰਾਜਾ : ਤੂੰ ਜਾਣਦਾ ਨਹੀਂ ਕੀਹਦੇ ਨਾਲ ਗੱਲ ਕਰ ਰਿਹੈਂ ?

ਕੋਤਵਾਲ : ਓਏ ਗਾਂਹ ਜਾ, ਤੇਰੇ ਵਰਗੇ ਕਈ ਆਉਂਦੇ ਨੇ। *(ਸਿਪਾਹੀ ਨੂੰ)* ਓਏ ਭਮੀਰੀ ਲਾਲ ਪਾ ਇਹਨਾਂ ਦੋਵਾਂ ਨੂੰ ਵੀ ਲੰਮਾ, ਆਏ ਵੱਡੇ ਹਮੈਤੀਏ। *(ਸਿਪਾਹੀ ਰਾਜਾ ਤੇ ਵਜ਼ੀਰ ਨੂੰ ਲੰਮੇ ਪਾ ਕੇ ਕੁੱਟਦਾ ਹੈ। ਦੋਵੇਂ ਚੀਕਦੇ ਨੇ। ਆਦਮੀ ਉਹਨਾਂ ਨੂੰ ਕੁੱਟ ਪੈਂਦੀ ਵੇਖ ਕੇ ਖਿਸਕ ਜਾਂਦਾ ਹੈ।)*

| | |
|---|---|
| ਕੋਤਵਾਲ | : ਕਿਉਂ ਬੱਚੂ ਹੁਣ ਪਤਾ ਲੱਗਾ, ਆਏ ਵੱਡੇ ਹਮੈਤੀਏ, ਕਹਿੰਦੇ ਸੀ ਰਾਜੇ ਕੋਲ ਸ਼ਿਕਾਇਤ ਕਰਾਂਗੇ। ਉਏ ਏਥੇ ਸਾਡੀ ਕੋਤਵਾਲੀ 'ਚ ਰਾਜ ਰਾਜੇ ਦਾ ਨਹੀਂ ਡੰਡੇ ਦਾ ਏ। ਚਲੋ ਦੋਵੇਂ ਜਣੇ ਮੁਰਗਾ ਬਣੋ ਤੇ ਬੋਲੋ—ਹਜ਼ੂਰ ਸਾਨੂੰ ਮੁਆਫ਼ ਕਰੋ। *(ਰਾਜਾ ਤੇ ਵਜ਼ੀਰ ਮੁਰਗਾ ਬਣਦੇ ਨੇ ਤੇ ਬੋਲਦੇ ਨੇ।)* |
| ਰਾਜਾ-ਵਜ਼ੀਰ | : ਹਜ਼ੂਰ ਸਾਨੂੰ ਮੁਆਫ਼ ਕਰੋ। |
| ਕੋਤਵਾਲ | : ਦੌੜ ਜਾਉ ਏਥੋਂ ਜੇ ਮੁੜ ਕੇ ਨਜ਼ਰ ਆਏ ਤਾਂ ਅੰਦਰ ਕਰ ਦੂੰ ਅੰਦਰ। *(ਦੋਵੇਂ ਦੌੜ ਕੇ ਬਾਹਰ ਸੜਕ ਵੱਲ ਜਾਂਦੇ ਨੇ। ਕੋਤਵਾਲ ਤੇ ਸਿਪਾਹੀ ਚਲੇ ਜਾਂਦੇ ਨੇ।)* |
| ਵਜ਼ੀਰ | : ਕਿਉਂ ਹਜ਼ੂਰ ਹੁਣ ਕਿਧਰ ਜਾਣਾ ਜੇ ? |
| ਰਾਜਾ | : ਹੁਣ ਤੇ ਕਿਤੇ ਜਾਣ ਜੋਗੇ ਰਹੇ ਈ ਨਹੀਂ। |
| ਵਜ਼ੀਰ | : ਨਹੀਂ, ਸਰਕਾਰ ਵਾਪਸ ਮਹਿਲਾਂ ਨੂੰ ਚਲੀਏ। |
| ਰਾਜਾ | : ਏਸ ਤਰ੍ਹਾਂ ਟੁੱਟੇ ਭੱਜੇ ? |
| ਵਜ਼ੀਰ | : ਜਨਾਬ ਜਾਵਾਂਗੇ ਤਾਂ ਟੁੱਟੇ ਭੱਜੇ ਹੀ, ਪਰ ਸਬੂਤਿਆਂ ਵਾਂਗ ਜਾਵਾਂਗੇ। |
| ਰਾਜਾ | : ਤੇ ਸਾਡੀ ਨਗਰੀ ਦਾ ਕੀ ਬਣੇਗਾ ? |
| ਵਜ਼ੀਰ | : ਹਜ਼ੂਰ, ਏਸ ਨਗਰੀ ਨੂੰ ਟੁੱਟ ਭੱਜ ਦੀ ਆਦਤ ਪੈ ਗਈ ਏ। ਤੁਸੀਂ ਵੇਖਿਉ ਉਸੇ ਤਰ੍ਹਾਂ ਇਕ ਪਾਸੇ ਵਿਆਹ ਮੁਕਲਾਵੇ ਹੋ ਰਹੇ ਹੋਣਗੇ। ਦੂਜੇ ਪਾਸੇ ਅਰਥੀਆਂ ਵੀ ਨਿਕਲ ਰਹੀਆਂ ਹੋਣਗੀਆਂ। |
| ਰਾਜਾ | : ਪਰ ਲੋਕਾਂ ਨੂੰ ਮਿਲਾਂਗੇ ਕਿਵੇਂ ? |
| ਵਜ਼ੀਰ | : ਜਿਵੇਂ ਪਹਿਲਾਂ ਮਿਲਦੇ ਸਾਂ (ਗੱਲ ਬਦਲ ਕੇ) ਸਾਨੂੰ ਨਾਅਰੇ ਲਾਉਣੇ ਆਉਂਦੇ ਨੇ। ਆਹ ਪਰੇਸ਼ਾਨੀ ਤਾਂ ਸਾਨੂੰ ਭੇਸ ਬਦਲਣ ਕਰਕੇ ਉਠਾਉਣੀ ਪਈ ਏ। ਚਲੋ ਮਹਿਲਾਂ ਨੂੰ ਚਲੀਏ ਤੇ ਸੁੱਖ ਦੀ ਨੀਂਦ ਸੌਂਈਏ। |
| ਰਾਜਾ | : ਪਰ ਉਹ ਤੋਤਾ ਮੈਨਾ ਦੀ ਪੁਕਾਰ। |
| ਵਜ਼ੀਰ | : ਹਜ਼ੂਰ ਇਹੋ ਜਿਹੇ ਕਈ ਤੋਤੇ, ਇਹੋ ਜਿਹੀਆਂ ਕਈ ਮੈਨਾ ਪੁਕਾਰ ਪੁਕਾਰ ਕੇ ਹੰਭ ਗਏ, ਪਰ ਸਾਡੀ ਸਿਹਤ 'ਤੇ ਕੋਈ ਅਸਰ ਪਿਆ।<br>ਨਹੀਂ ਨਾ ਤੇ ਪੈਣਾ ਵੀ ਨਹੀਂ।<br>ਇਹ ਰਾਜ ਸਦਾ ਸੀ ਏਦਾਂ<br>ਤੇ ਏਦਾਂ ਹੀ ਰਹਿਣਾ<br>ਤੇ ਏਦਾਂ ਹੀ ਰਹਿਣਾ<br>*(ਕਹਿੰਦੇ ਕਹਿੰਦੇ ਜਾਂਦੇ ਨੇ।)* |
| ਤੋਤਾ-ਮੈਨਾ | : ਜੇ ਰਾਜ ਸਦਾ ਤੋਂ ਏਦਾਂ<br>ਤਾਂ ਏਦਾਂ ਨਹੀਂ ਰਹਿਣਾ |

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਹਮੈਤੀਏ | :ਮਦਦਗਾਰ, ਤਰਫ਼ਦਾਰੀ ਕਰਨ ਵਾਲੇ, ਪੱਖ ਪੂਰਨ ਵਾਲੇ |
| ਨਗਰੀ | :ਨਗਰ, ਸ਼ਹਿਰ |

**ਔਖੇ ਸ਼ਬਦਾਂ ਦੇ ਅਰਥ**

ਖੋਲਾ : ਬਗੈਰ ਛੱਤ ਤੋਂ ਅਤੇ ਢੱਠੀਆਂ ਕੰਧਾਂ ਦਾ ਕੋਠਾ

ਝੂਠ ਮੂਠ 'ਤੇ ਉਸਰਿਆ
ਇਹ ਮਹਿਲ ਤਾਂ ਇਕ ਦਿਨ ਢਹਿਣਾ
ਰਾਜਿਆ ਰਾਜ ਕਰੇਂਦਿਆ
ਤੂੰ ਹੋ ਗਿਉਂ ਕਿਉਂ ਬੋਲਾ ਵੇ
ਤੇਰੇ ਹਿੱਸੇ ਮਹਿਲ ਮੁਨਾਰੇ
ਕਿਉਂ ਸਾਡੇ ਹਿੱਸੇ ਖੋਲਾ ਵੇ
ਰਾਜਿਆ ਰਾਜ ਕਰੇਂਦਿਆ
ਸਦਾ ਰਾਜ ਨਾ ਏਦਾਂ ਰਹਿਣਾ ਵੇ
ਜੋ ਸਾਡੇ ਅੱਖੀਂ ਘੱਟ ਪਾ ਰਿਹਾ
ਹੁਣ ਲੋਕਾਂ ਨੇ ਨਾ ਸਹਿਣਾ ਵੇ
ਤੇਰਾ ਮਹਿਲ ਤਾਂ ਇਕ ਦਿਨ ਢਹਿਣਾ ਵੇ
ਹੁਣ ਲੋਕਾਂ ਨੇ ਨਾ ਸਹਿਣਾ ਵੇ।

**ਕੇਵਲ ਧਾਲੀਵਾਲ**

## ਟਿੱਪਣੀ

ਉਪਰੋਕਤ ਇਕਾਂਗੀ ਵਿਚ ਇਕਾਂਗੀਕਾਰ ਕੇਵਲ ਧਾਲੀਵਾਲ ਨੇ ਰਾਜ-ਪ੍ਰਬੰਧ ਵਿਚ ਕਮੀਆਂ ਹੋਣ ਕਾਰਨ ਲੋਕਾਂ ਦੇ ਦੁਖ-ਦਰਦ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਤੋਤਾ-ਮੈਨਾ ਦੋ ਪਾਤਰਾਂ ਦੇ ਮਾਨਵੀਕਰਨ ਦੀ ਜੁਗਤ ਰਾਹੀਂ ਨਾਕਾਰਾ ਪ੍ਰਸ਼ਾਸਨ ਉਪਰ ਵਿਅੰਗ ਕੱਸਿਆ ਗਿਆ ਹੈ। ਭੇਸ ਬਦਲ ਕੇ ਲੋਕਾਂ ਵਿਚ ਵਿਚਰਦੇ ਰਾਜਾ ਤੇ ਵਜ਼ੀਰ ਦੇ ਪਾਤਰ ਇਕਾਂਗੀ ਦੀ ਸਮੱਸਿਆ ਨੂੰ ਹੋਰ ਪੁਖ਼ਤਾ ਰੂਪ ਵਿਚ ਪੇਸ਼ ਕਰਦੇ ਹਨ। ਕਿਸਾਨ, ਬਜ਼ੁਰਗ, ਔਰਤ, ਡੱਡੂ, ਆਦਮੀ, ਕੋਤਵਾਲ ਆਦਿ ਪਾਤਰ ਸਮਾਜ ਵਿਚਲੇ ਵਿਗਾੜ ਨੂੰ ਹੂਬਹੂ ਪ੍ਰਸਤੁਤ ਕਰਦੇ ਨਜ਼ਰ ਆਉਂਦੇ ਹਨ। ਤੋਤਾ-ਮੈਨਾ ਦੇ ਕਿਰਦਾਰ ਕਾਵਿਕ-ਅੰਦਾਜ਼ ਵਿਚ ਰਾਜੇ ਨੂੰ ਉਸ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਾਉਂਦੇ ਹਨ।

## ਅਭਿਆਸ

**1. ਦੱਸੋ ਖਾਂ ਭਲਾ :**

(i) ਭੇਸ ਵਟਾ ਕੇ ਲੋਕਾਂ ਵਿਚ ਕੌਣ ਜਾਂਦੇ ਹਨ ?

(ii) ਕਿਸਾਨ, ਰਾਜੇ ਤੇ ਵਜ਼ੀਰ ਨੂੰ ਕਿਵੇਂ ਮਾਰਦਾ-ਕੁੱਟਦਾ ਹੈ ?

(iii) "ਮੈਨੂੰ ਮਾਂ ਜੀ ਕਹਿਣ ਲੱਗਿਆਂ ਤੈਨੂੰ ਗਸ਼ ਪੈਂਦੀ ਆ", ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

(iv) 'ਸੂਈ' ਕੌਣ ਕਿਸ ਕੋਲੋਂ ਮੰਗਦਾ ਹੈ ?

(v) ਗਿਰਝ ਕਿਸ ਦੇ ਸਾਥੀ ਨੂੰ ਖਾ ਗਈ ?

(vi) ਕੋਤਵਾਲ, ਆਦਮੀ ਨੂੰ ਕਿਉਂ ਮਾਰਦਾ ਹੈ ? ਤੇ ਰਾਜਾ ਕੋਤਵਾਲ ਸਾਹਮਣੇ ਆਪਣੇ ਆਪ ਨੂੰ ਦਸਦਾ ਹੈ ?

(vii) ਤੋਤਾ-ਮੈਨਾ ਕਿੱਥੇ ਗਾ ਰਹੇ ਸਨ ? ਇਨ੍ਹਾਂ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ। ਆਪਣੇ ਵਿਚਾਰ 100 ਸ਼ਬਦਾਂ ਵਿਚ ਲਿਖੋ।

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ**

(i) ਮੌਜੂਦਾ ਰਾਜ-ਪ੍ਰਬੰਧ ਬਾਰੇ ਇਸੇ ਤਰ੍ਹਾਂ ਦੇ ਇਕ ਹੋਰ ਇਕਾਂਗੀ ਦੀ ਮੌਲਿਕ ਰਚਨਾ ਕਰੋ।

(ii) ਕੀ ਤੁਸੀਂ ਸਮਝਦੇ ਹੋ ਕਿ ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਨੇਤਾਵਾਂ ਵਲੋਂ ਉਨ੍ਹਾਂ ਨਾਲ ਸਾਂਝ ਪਾ ਕੇ ਦੂਰ ਕੀਤੀਆਂ ਜਾ ਸਕਦੀਆਂ ਹਨ ? ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਦਲੀਲਾਂ ਦਿਉ।

(iii) ਭ੍ਰਿਸ਼ਟਾਚਾਰ ਤੇ ਰਾਜ-ਪ੍ਰਬੰਧ ਦਾ ਬਹੁਤ ਨਜ਼ਦੀਕੀ ਵਾਲਾ ਸੰਬੰਧ ਹੈ ? ਇਸ ਨੂੰ ਦੂਰ ਕਰਨ ਲਈ ਆਪਣੇ ਸੁਝਾਵਾਂ ਉਪਰ ਰੋਸ਼ਨੀ ਪਾਉ।

**ਅ. "ਹਜ਼ੂਰ, ਏਸ ਨਗਰੀ ਨੂੰ ਟੁੱਟ-ਭੱਜ ਦੀ ਆਦਤ ਪੈ ਗਈ ਏ। ਤੁਸੀਂ ਵੇਖਿਉ ਉਸੇ ਤਰ੍ਹਾਂ ਇਕ ਪਾਸੇ ਵਿਆਹ-ਮੁਕਲਾਵੇ ਹੋ ਰਹੇ ਹੋਣਗੇ। ਦੂਜੇ ਪਾਸੇ ਅਰਥੀਆਂ ਵੀ ਨਿਕਲ ਰਹੀਆਂ ਹੋਣਗੀਆਂ।" ਵਜ਼ੀਰ ਦੀ ਉਪਰੋਕਤ ਟਿੱਪਣੀ ਤੋਂ ਕੀ ਭਾਵ ਹੈ ? ਇਸ ਸੋਚ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ ? ਕਦਰਾਂ-ਕੀਮਤਾਂ ਦੇ ਆਧਾਰ ਉਪਰ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰੋ।**

**ੲ. ਪੁਲਿਸ-ਪ੍ਰਬੰਧ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਦਰਸਾਉਂਦਾ ਇਕ ਪ੍ਰੋਜੈਕਟ ਤਿਆਰ ਕਰੋ।**